ਪੰਜਾਬ ਸਰਕਾਰ
ਮਾਲ ਤੇ ਪੁਨਰਵਾਸ ਵਿਭਾਗ
ਵਿੱਤੀ ਕਮਿਸ਼ਨਰਜ਼ ਸਕੱਤਰੇਤ
(ਪ੍ਰਸ਼ਾਸਨ-1 ਸ਼ਾਖਾ)

ਵਿਸ਼ਾ: - **ਵਿੱਤੀ ਕਮਿਸ਼ਨਰਜ਼ ਸਕੱਤਰੇਤ ਦੇ ਸਮੂਹ ਅਧੀਨ ਸਕੱਤਰ (ਗਰੁੱਪ ਏ ਸੇਵਾਵਾਂ) ਦੇ ਅਧਿਕਾਰੀਆਂ ਦੀ ਅੰਤ੍ਰਿਮ ਸੀਨੀਆਰਤਾ ਸੂਚੀ ਮਿਤੀ 11.09.2015 ਨੂੰ ਪ੍ਰਸੋਨਲ ਵਿਭਾਗ ਦੀਆਂ ਹਦਾਇਤਾਂ ਮਿਤੀ 10.10.2014 ਅਨੁਸਾਰ ਸੋਧਣ ਉਪਰੰਤ ਜਾਰੀ ਕੀਤੀ ਗਈ ਸੀ ਨੂੰ ਅੰਤਿਮ ਸੀਨੀਆਰਤਾ ਸੂਚੀ ਵਜੋਂ ਜਾਰੀ ਕਰਨ ਬਾਰੇ।**

******

ਵਿੱਤੀ ਕਮਿਸ਼ਨਰਜ਼ ਸਕੱਤਰੇਤ ਦੇ ਸਮੂਹ ਅਧੀਨ ਸਕੱਤਰ (ਗਰੁੱਪ ਏ ਸੇਵਾਵਾਂ) ਇਸ ਵਿਭਾਗ ਦੇ ਅੰ.ਵਿ.ਪੱ.ਨੰ:1/12/2014-1ਪ੍ਰ1/ਅ.ਸ./15418-26 ਮਿਤੀ 11.09.2015 ਵੱਲ ਧਿਆਨ ਦੇਣ ਦੀ ਖੇਚਲ ਕਰਨ।

2. ਪ੍ਰਸੋਨਲ ਵਿਭਾਗ ਵੱਲੋਂ ਮਿਤੀ 10.10.2014 ਨੂੰ ਰੋਸਟਰ ਪੁਆਇੰਟ ਨੂੰ ਸੀਨੀਆਰਤਾ ਪੁਆਇੰਟ ਨਾ ਮੰਨਣ ਬਾਰੇ ਜਾਰੀ ਕੀਤੇ ਸਪੱਸ਼ਟੀਕਰਨ ਦੇ ਸਨਮੁੱਖ ਇਸ ਸਕੱਤਰੇਤ ਦੇ ਸਮੂਹ ਅਧੀਨ ਸਕੱਤਰ (ਗਰੁੱਪ ਏ ਸੇਵਾਵਾਂ) ਦੇ ਅਧਿਕਾਰੀਆਂ ਦੀ ਅੰਤ੍ਰਿਮ ਸੀਨੀਆਰਤਾ ਸੂਚੀ ਮਿਤੀ 11.09.2015 ਨੂੰ ਸੋਧਣ ਉਪਰੰਤ ਜਾਰੀ ਕੀਤੀ ਗਈ ਸੀ। ਇਸ ਅੰਤ੍ਰਿਮ ਸੀਨੀਆਰਤਾ ਸੂਚੀ ਦੇ ਸਬੰਧ ਵਿੱਚ ਪ੍ਰਾਪਤ ਹੋਏ ਇਤਰਾਜਾਂ ਨੂੰ ਹੇਠ ਅਨੁਸਾਰ ਵਿਚਾਰਨ ਉਪਰੰਤ ਅੰਤਿਮ ਸੀਨੀਆਰਤਾ ਸੂਚੀ ਨਾਲ ਨੱਥੀ ਕੀਤੀ ਜਾਂਦੀ ਹੈ: -

| ਲੜੀ ਨੰ: | ਉਠਾਏ ਗਏ ਇਤਰਾਜ | ਇਤਰਾਜਾਂ ਤੇ ਕੀਤੀ ਗਈ ਕਾਰਵਾਈ |
|---|---|---|
| 1. | ਸ੍ਰੀ ਗੁਰਮੀਤ ਸਿੰਘ, ਅਧੀਨ ਸਕੱਤਰ ਵੱਲੋਂ ਉਕਤ ਜਾਰੀ ਹੋਈ ਆਰਜੀ ਸੀਨੀਆਰਤਾ ਸੂਚੀ ਦੇ ਸਬੰਧ ਵਿੱਚ ਇਤਰਾਜ ਕਰਦੇ ਹੋਏ ਦੱਸਿਆ ਹੈ ਕਿ ਇਸ ਸਕੱਤਰੇਤ ਵੱਲੋਂ ਅੰ.ਵਿ.ਪੱ.ਨੰ: 1/12/2014-1ਪ੍ਰ1/ਅਸ/15418-26 ਮਿਤੀ 11.09.2015 ਰਾਹੀਂ ਜਾਰੀ ਕੀਤੀ ਸੀਨੀਆਰਤਾ ਸੂਚੀ ਦੇ ਲੜੀ ਨੰ 6 ਦੇ ਕਾਲਮ ਨੰ:4 ਵਿੱਚ ਉਨ੍ਹਾਂ ਦੀ ਬਤੌਰ ਸੁਪਰਡੰਟ ਗਰੇਡ-2 ਤਰੱਕੀ ਦੀ ਮਿਤੀ 18.09.2009 ਅਤੇ ਬਤੌਰ ਅਧੀਨ ਸਕੱਤਰ ਮਿਤੀ 24.09.2014 ਦਰਸਾਈ ਗਈ ਹੈ। ਪਰੰਤੂ ਉਨ੍ਹਾਂ ਦੀ ਬਤੌਰ ਸੁਪਰਡੰਟ ਗਰੇਡ-2 ਤਰੱਕੀ ਮਿਤੀ 25.11.2009 ਨੂੰ ਹੋਈ ਸੀ ਅਤੇ ਬਤੌਰ ਅਧੀਨ ਸਕੱਤਰ ਤਰੱਕੀ ਦੀ ਮਿਤੀ 09.12.2014 ਹੈ। ਇਸ ਅਨੁਸਾਰ ਜਾਰੀ ਕੀਤੀ ਗਈ ਅੰਤ੍ਰਿਮ ਸੀਨੀਆਰਤਾ ਸੂਚੀ ਵਿੱਚ ਸੋਧ ਕਰਨ ਲਈ ਲਿੱਖਿਆ ਹੈ। ਉਨ੍ਹਾਂ ਨੇ ਇਹ ਵੀ ਲਿੱਖਿਆ ਹੈ ਕਿ ਜਿੱਥੋਂ ਤੱਕ ਸ੍ਰੀ ਸ਼ਾਮ ਲਾਲ, ਅਧੀਨ ਸਕੱਤਰ ਨੂੰ ਉਨ੍ਹਾਂ ਤੋਂ ਸੀਨੀਆਰਤਾ ਸੂਚੀ ਵਿੱਚ ਸੀਨੀਅਰ ਦਰਸਾਉਣ ਦਾ ਸਬੰਧ ਹੈ ਇਸ ਅਧਿਕਾਰੀ ਦੀ ਬਤੌਰ ਸੁਪਰਡੰਟ ਗਰੇਡ-2, ਸੁਪਰਡੰਟ ਗਰੇਡ-1 ਅਤੇ ਬਤੌਰ ਅਧੀਨ ਸਕੱਤਰ ਤਰੱਕੀ ਉਨ੍ਹਾਂ ਤੋਂ ਬਾਅਦ ਵਿੱਚ ਹੋਈ ਹੈ ਇਸ ਲਈ ਇਸ ਅਧਿਕਾਰੀ ਨੂੰ ਸੀਨੀਆਰਤਾ ਸੂਚੀ ਵਿੱਚ ਉਨ੍ਹਾਂ ਤੋਂ ਹੇਠਾਂ ਦਰਸਾਉਣਾ ਬਣਦਾ ਹੈ। | ਦਫਤਰੀ ਰਿਕਾਰਡ ਅਨੁਸਾਰ ਸ੍ਰੀ ਗੁਰਮੀਤ ਸਿੰਘ, ਅਧੀਨ ਸਕੱਤਰ ਦੀ ਬਤੌਰ ਸੁਪਰਡੰਟ ਗਰੇਡ-2 ਤਰੱਕੀ ਦੀ ਮਿਤੀ 25.11.2009 ਅਤੇ ਬਤੌਰ ਅਧੀਨ ਸਕੱਤਰ ਤਰੱਕੀ ਦੀ ਮਿਤੀ 09.12.2014 ਠੀਕ ਪਾਉਂਦੇ ਹੋਏ ਇਹ ਮਿਤੀਆਂ ਤਿਆਰ ਕੀਤੀ ਗਈ ਅੰਤਿਮ ਸੀਨੀਆਰਤਾ ਸੂਚੀ ਵਿੱਚ ਦਰੁਸਤ ਕਰ ਦਿੱਤੀਆਂ ਹਨ।<br>ਸ੍ਰੀ ਸ਼ਾਮ ਲਾਲ, ਅਧੀਨ ਸਕੱਤਰ ਨੂੰ ਅੰਤ੍ਰਿਮ ਸੀਨੀਆਰਤਾ ਸੂਚੀ ਵਿੱਚ ਪ੍ਰਸੋਨਲ ਵਿਭਾਗ ਦੀਆਂ ਹਦਾਇਤਾਂ ਮਿਤੀ 10.10.2014 ਅਨੁਸਾਰ ਸ੍ਰੀ ਗੁਰਮੀਤ ਸਿੰਘ, ਅਧੀਨ ਸਕੱਤਰ ਤੋਂ ਉਪਰ ਸੀਨੀਆਰਤਾ ਦਿੱਤੀ ਗਈ ਹੈ, ਕਿਉਂਕਿ ਸ੍ਰੀ ਗੁਰਮੀਤ ਸਿੰਘ ਰੋਸਟਰ ਨੁਕਤੇ ਦਾ ਲਾਭ ਲੈਕੇ ਪਦ-ਉਨਤ ਹੁੰਦੇ ਰਹੇ ਹਨ। ਸ੍ਰੀ ਸ਼ਾਮ ਲਾਲ ਨੇ ਇਸ ਸਕੱਤਰੇਤ ਵਿੱਚ ਬਤੌਰ ਕਲਰਕ ਮਿਤੀ 14.12.1979 ਨੂੰ ਜੁਆਇਨ ਕੀਤਾ ਸੀ ਅਤੇ ਉਨ੍ਹਾਂ ਦੀ ਬਤੌਰ ਸੀਨੀਅਰ ਸਹਾਇਕ ਤਰੱਕੀ ਦੀ ਮਿਤੀ 03.02.1986 ਸੀ ਜਦਕਿ ਸ੍ਰੀ ਗੁਰਮੀਤ ਸਿੰਘ, ਅਧੀਨ ਸਕੱਤਰ ਨੇ ਇਸ ਸਕੱਤਰੇਤ ਵਿੱਚ ਬਤੌਰ ਕਲਰਕ ਮਿਤੀ 14.07.1983 ਨੂੰ ਜੁਆਇਨ ਕੀਤਾ ਸੀ ਅਤੇ ਉਨ੍ਹਾਂ ਦੀ ਬਤੌਰ ਸੀਨੀਅਰ ਸਹਾਇਕ ਤਰੱਕੀ ਦੀ ਮਿਤੀ |

| | | |
|---|---|---|
| | | 04.05.1988 ਸੀ। ਇਸ ਤਰ੍ਹਾਂ ਸ੍ਰੀ ਗੁਰਮੀਤ ਸਿੰਘ, ਅਧੀਨ ਸਕੱਤਰ ਰੋਸਟਰ ਨੁਕਤੇ ਦਾ ਲਾਭ ਲੈਕੇ ਪਦ-ਉੱਨਤ ਹੁੰਦੇ ਰਹੇ ਹਨ। ਇਸ ਲਈ ਸ੍ਰੀ ਗੁਰਮੀਤ ਸਿੰਘ, ਅਧੀਨ ਸਕੱਤਰ ਵੱਲੋਂ ਉਠਾਇਆ ਗਿਆ ਇਤਰਾਜ਼ ਮੰਨਣਯੋਗ ਨਹੀਂ ਹੈ। |
| 2. | ਸ੍ਰੀ ਸ਼ਾਮ ਲਾਲ, ਅਧੀਨ ਸਕੱਤਰ ਵੱਲੋਂ ਉਕਤ ਜਾਰੀ ਹੋਈ ਆਰਜੀ ਸੀਨੀਆਰਤਾ ਸੂਚੀ ਦੇ ਸਬੰਧ ਵਿੱਚ ਇਤਰਾਜ ਕਰਦੇ ਹੋਏ ਲਿੱਖਿਆ ਹੈ ਕਿ ਉਨ੍ਹਾਂ ਦੀ ਨੌਕਰੀ ਵਿੱਚ ਆਉਣ ਦੀ ਮਿਤੀ 14.12.1979 ਦਰਸਾਈ ਗਈ ਹੈ। ਇਸ ਸਬੰਧ ਵਿੱਚ ਉਨ੍ਹਾਂ ਨੇ ਬੇਨਤੀ ਕੀਤੀ ਹੈ ਕਿ ਉਨ੍ਹਾਂ ਨੇ ਬਤੌਰ ਸੇਵਾਦਾਰ ਮਿਤੀ 29.03.1976 ਨੂੰ ਸਰਕਾਰੀ ਸੇਵਾ ਸ਼ੁਰੂ ਕੀਤੀ ਸੀ ਅਤੇ ਅਧੀਨ ਸੇਵਾਵਾਂ ਚੋਣ ਬੋਰਡ ਦੀ ਸਿਫਾਰਸ਼ ਦੇ ਅਧਾਰ ਤੇ ਬਤੌਰ ਕਲਰਕ ਮਿਤੀ 20.01.1978 ਨੂੰ ਸਿੰਚਾਈ ਵਿਭਾਗ ਵਿੱਚ ਜੁਆਇੰਨ ਕੀਤਾ ਸੀ। ਉਨ੍ਹਾਂ ਦੀ ਇਸ ਸਕੱਤਰੇਤ ਵਿੱਚ ਬਦਲੀ ਦੀ ਵਿੱਧੀ ਰਾਹੀਂ ਨਿਯੁਕਤੀ ਮਿਤੀ 14.12.1979 ਨੂੰ ਹੋਈ ਸੀ। ਇਸ ਲਈ ਰਿਕਾਰਡ ਦੇ ਸਨਮੁੱਖ ਉਨ੍ਹਾਂ ਦੀ ਨੌਕਰੀ ਵਿੱਚ ਆਉਣ ਦੀ ਮਿਤੀਆਂ ਦਾ ਸੀਨੀਆਰਤਾ ਸੂਚੀ ਵਿੱਚ ਇੰਦਰਾਜ ਦਰਜ਼ ਕੀਤਾ ਜਾਵੇ ਅਤੇ ਜੇਕਰ ਕੋਈ ਹੋਰ ਲਾਭ ਦਿੱਤਾ ਜਾ ਸਕਦਾ ਹੈ ਤਾਂ ਉਹ ਵੀ ਦਿੱਤਾ ਜਾਵੇ। | ਸ੍ਰੀ ਸ਼ਾਮ ਲਾਲ, ਅਧੀਨ ਸਕੱਤਰ ਵੱਲੋਂ ਸਰਕਾਰੀ ਸੇਵਾ ਵਿੱਚ ਆਉਣ ਦੀ ਮਿਤੀਆਂ ਦਾ ਸੀਨੀਆਰਤਾ ਸੂਚੀ ਵਿੱਚ ਇੰਦਰਾਜ ਦਰਜ਼ ਕਰਨ ਸਬੰਧੀ ਇਤਰਾਜ ਦਫਤਰੀ ਰਿਕਾਰਡ ਦੇ ਅਧਾਰ ਤੇ ਠੀਕ ਪਾਉਂਦੇ ਹੋਏ ਇਹ ਮਿਤੀਆਂ ਤਿਆਰ ਕੀਤੀ ਗਈ ਅੰਤਿਮ ਸੀਨੀਆਰਤਾ ਸੂਚੀ ਵਿੱਚ ਦਰੁਸਤ ਕਰ ਦਿੱਤੀਆਂ ਹਨ।<br><br>ਜਿੱਥੋਂ ਤੱਕ ਉਨ੍ਹਾਂ ਦਾ ਇਹ ਕਹਿਣਾ ਕਿ ਜੇਕਰ ਕੋਈ ਹੋਰ ਲਾਭ ਦਿੱਤਾ ਜਾ ਸਕਦਾ ਹੈ ਤਾਂ ਉਹ ਵੀ ਦਿੱਤਾ ਜਾਵੇ। ਇਸ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਪ੍ਰਸੋਨਲ ਵਿਭਾਗ ਦੇ ਪੱਤਰ ਮਿਤੀ 10.10.2014, ਜਿਸ ਦੇ ਅਧਾਰ ਤੇ ਅੰਤ੍ਰਿਮ ਸੀਨੀਆਰਤਾ ਸੂਚੀ ਜਾਰੀ ਕੀਤੀ ਗਈ ਸੀ ਦੇ ਸਨਮੁੱਖ ਉਨ੍ਹਾਂ ਨੂੰ ਹੋਰ ਕੋਈ ਲਾਭ ਦੇਣਾ ਨਹੀਂ ਬਣਦਾ। |

ਇੱਥੇ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਜੇਕਰ ਪ੍ਰਸ਼ਾਸਕੀ, ਅਦਾਲਤੀ ਫੈਸਲੇ ਜਾਂ ਫੀਡਿੰਗ ਕਾਡਰ ਵਿੱਚ ਤਬਦੀਲੀ ਹੋਣ ਕਾਰਨ ਇਸ ਅੰਤਿਮ ਸੀਨੀਆਰਤਾ ਸੂਚੀ ਵਿੱਚ ਕਿਸੇ ਵੀ ਤਬਦੀਲੀ ਦੀ ਲੋੜ ਹੋਵੇਗੀ ਤਾਂ ਇਸ ਬਾਰੇ ਸਰਕਾਰ ਦੇ ਹੱਕ ਰਾਖਵੇਂ ਹਨ।

ਚੰਡੀਗੜ੍ਹ, ਮਿਤੀ
03.11.2015

ਕਰਨ ਅਵਤਾਰ ਸਿੰਘ
ਵਧੀਕ ਮੁੱਖ ਸਕੱਤਰ-ਕਮ-
ਵਿੱਤੀ ਕਮਿਸ਼ਨਰ ਮਾਲ, ਪੰਜਾਬ।

ਪਿੱਠ ਅੰਕਣ ਨੰ:1/12/2014-1ਪ.1/ਅ.ਸ./19389-19401 ਚੰਡੀਗੜ੍ਹ, ਮਿਤੀ: 30/11/15

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਸਬੰਧਤ ਅਧਿਕਾਰੀ।
2. ਸੁਪਰਡੰਟ ਗਰੇਡ-1, ਪ੍ਰਸ਼ਾਸਨ-2,3,4 ਅਤੇ ਰਿਕਾਰਡ (ਪੁਸਤਕਪਾਲ) ਸ਼ਾਖਾਵਾਂ।

ਸੁਪਰਡੰਟ ਗਰੇਡ-1
30/11/15

ਵਿੱਤੀ ਕਮਿਸ਼ਨਰਜ਼ ਸਕੱਤਰੇਤ ਦੇ ਸਮੂਹ ਅਧੀਨ ਸਕੱਤਰ (ਗਰੁੱਪ-ਏ ਸੇਵਾਵਾਂ) ਦੇ ਅਧਿਕਾਰੀਆਂ ਦੀ ਪ੍ਰਸੋਨਲ ਵਿਭਾਗ ਦੇ ਪੱਤਰ ਨੰ: 4/40/2013-3ਪੀ.ਪੀ.1/855 ਮਿਤੀ 10.10.2014 ਦੀਆਂ ਹਦਾਇਤਾਂ ਅਨੁਸਾਰ ਸੋਧਣ ਉਪਰੰਤ ਅੰਤਿਮ ਸੀਨੀਆਰਤਾ ਸੂਚੀ।

| ਲੜੀ ਨੰ: | ਨਾਮ | 1. ਜਨਮ ਮਿਤੀ<br>2. ਨੌਕਰੀ ਸ਼ੁਰੂ ਕਰਨ ਦੀ ਮਿਤੀ<br>3. ਸੇਵਾ ਨਵਿਰਤੀ ਦੀ ਮਿਤੀ<br>(58 ਸਾਲ ਅਨੁਸਾਰ) | ਵਿੱਤੀ ਕਮਿਸ਼ਨਰਜ਼ ਸਕੱਤਰੇਤ ਵਿੱਚ ਨਿਯੁਕਤੀ ਦੀ ਮਿਤੀ<br>1. ਕਲਰਕ/ਸਟੈਨੋ/ ਜੂਨੀਅਰ ਸਕੇਲ ਸਟੈਨੋ (ਲੈਵਲ-1)<br>2. ਸੀਨੀਅਰ ਸਹਾਇਕ/ ਸੀਨੀਅਰ ਸਕੇਲ ਸਟੈਨੋ (ਲੈਵਲ-2)<br>3. ਸੁਪਰਡੰਟ ਗਰੇਡ-2/ ਨਿੱਜੀ ਸਹਾਇਕ (ਲੈਵਲ-3)<br>4. ਸੁਪਰਡੰਟ ਗਰੇਡ-1/ ਨਿੱਜੀ ਸਕੱਤਰ (ਲੈਵਲ-4)<br>5. ਅਧੀਨ ਸਕੱਤਰ | ਵਿਸ਼ੇਸ਼ ਕਥਨ |
|---|---|---|---|---|
| 1 | 2 | 3 | 4 | 5 |
| 1 | ਵੀਨਾ ਕੁਮਾਰੀ | 1. 07.12.1958<br>2. 12.07.1977<br>3. 31.12.2016 | 1. 12.07.1977 (ਜਸਸ)<br>2. 12.10.1979<br>3. 07.02.1989<br>4. 05.07.2000<br>5. 01.07.2010 | |
| 2 | ਇੰਦਰਜੀਤ (ਅ.ਜ.) | 1. 01.12.1957<br>2. 14.09.1978<br>3. 30.11.2015 | 1. 14.09.1978<br>2. 04.01.1985<br>3. 18.10.2006<br>4. 28.02.2008<br>5. 26.09.2012 | |
| 3 | ਸ਼ਾਮ ਲਾਲ | 1. 10.04.1957<br>2. 29.03.1976<br>3. 30.04.2015 | 1. 14.12.1979<br>2. 03.02.1986<br>3. 31.05.2010<br>4. 12.11.2010<br>5. 01.06.2015 | ਸੇਵਾ ਕਾਲ ਵਿੱਚ 1 ਸਾਲ ਦਾ ਵਾਧਾ ਕੀਤਾ ਗਿਆ ਹੈ। |
| 4 | ਸੁੱਚਾ ਸਿੰਘ (ਅ.ਜ.) | 1. 06.04.1956<br>2. 01.10.1980<br>3. 30.04.2014 | 1. 01.10.1980<br>2. 23.04.1987<br>3. 28.02.2008<br>4. 18.09.2009<br>5. 16.06.2014 | ਹੁਣ ਰਿਟਾਇਰਡ |
| 5 | ਸੁਸ਼ੀਲ ਕੁਮਾਰ ਰਤਨ (ਅ.ਜ.) | 1. 09.03.1958<br>2. 20.07.1983<br>3. 31.03.2016 | 1. 20.07.1983<br>2. 05.04.1988<br>3. 18.09.2009<br>4. 24.05.2010<br>5. 24.09.2014 | |

| | | | | |
|---|---|---|---|---|
| 6 | ਗੁਰਮੀਤ ਸਿੰਘ (ਅ.ਜ.) | 1. 25.04.1960<br>2. 14.07.1983<br>3. 30.04.2018 | 1. 14.07.1983<br>2. 04.05.1988<br>3. 25.11.2009<br>4. 24.05.2010<br>5. 09.12.2014 | |
| 7 | ਸਰੂਪ ਲਾਲ (ਅ.ਜ.) | 1. 30.04.1957<br>2. 19.07.1983<br>3. 30.04.2015 | 1. 19.07.1983<br>2. 19.07.1988<br>3. 31.05.2010<br>4. 01.09.2010<br>5. 01.06.2015 | ਸੇਵਾ ਕਾਲ ਵਿੱਚ 1 ਸਾਲ ਦਾ ਵਾਧਾ ਕੀਤਾ ਗਿਆ ਹੈ। |
| 8 | ਮਨਜੀਤ ਕੌਰ ਸਹੋਤਰਾ (ਅ.ਜ.) | 1. 22.08.1969<br>2. 23.11.1987<br>3. 31.08.2027 | 1. 23.11.1987<br>2. 11.02.1992<br>3. 27.03.1997<br>4. 18.10.2006<br>5. 25.02.2015 | |

ਸੁਪਰਡੰਟ ਗਰੇਡ-1